medicare



# ਕ੍ਰਿਸਟੀਨ ਦੀ ਕਹਾਣੀ

**ਉਮਰ:** 35-40 ਸਾਲ

**ਪੇਸ਼ਾ:** ਮਾਰਕੀਟਿੰਗ

**ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ:** ਅੰਗਰੇਜ਼ੀ/ਅਰਬੀ

**37 ਸਾਲਾ ਲੈਬਨਾਨੀ ਆਸਟ੍ਰੇਲੀਆਈ ਔਰਤ ਕ੍ਰਿਸਟੀਨ ਲਈ, ਸਿਹਤ ਦਾ ਧਿਆਨ ਰੱਖਣਾ ਰੋਜ਼ਾਨਾ ਪਹਿਲ ਤੇ ਹੁੰਦਾ ਹੈ।** ਮੈਟਾਬੋਲਿਕ ਸਿੰਡਰੋਮ (ਇਸ ਵਿਚ ਹਾਈ ਬਲੱਡ ਪ੍ਰੈਸ਼ਰ, ਹਾਈ ਬਲੱਡ ਸ਼ੂਗਰ, ਕਮਰ ਦੀ ਜ਼ਿਆਦਾ ਚਰਬੀ, ਅਤੇ ਵਧਿਆ ਹੋਇਆ ਕੋਲੈਸਟ੍ਰੋਲ ਇਕੱਠੇ ਹੁੰਦੇ ਹਨ) ਨਾਲ ਜਿਉਣਾ ਅਤੇ ਜਲਦੀ ਮੀਨੋਪੌਜ਼ (ਮਾਹਵਾਰੀ ਆਉਣਾ ਬੰਦ ਹੋਣਾ) ਤੋਂ ਬਚਣਾ ਇਸਦਾ ਮਤਲਬ ਹੈ ਕਿ ਉਸਦੀ ਤੰਦਰੁਸਤੀ ਨਿਯਮਤ ਨਿਗਰਾਨੀ ‘ਤੇ ਨਿਰਭਰ ਕਰਦੀ ਹੈ।

ਉਸਦੀ ਦੇਖਭਾਲ ਵਿੱਚ ਵਾਰ-ਵਾਰ ਜੀ ਪੀ ਦੇ ਕੋਲ ਜਾਣਾ, ਮਾਹਰ ਦੇ ਰੈਫਰਲ, ਅਤੇ ਐਮ ਆਰ ਆਈ ਅਤੇ ਸੀ ਟੀ ਵਰਗੇ ਰੋਗ ਦਾ ਪਤਾ ਲਗਾਉਣ ਵਾਲੇ ਟੈਸਟ ਸ਼ਾਮਲ ਹਨ। ਉਹ ਹਰ ਤਿੰਨ ਮਹੀਨਿਆਂ ਵਿੱਚ ਨਿਯਮਿਤ ਤੌਰ ‘ਤੇ ਆਪਣੇ ਜੀ ਪੀ ਨੂੰ ਮਿਲਦੀ ਹੈ।

ਕ੍ਰਿਸਟੀਨ ਦੱਸਦੀ ਹੈ, “ਪਹਿਲਾਂ, ਗੈਪ ਫੀਸ (ਮਰੀਜ਼ ਵਲੋਂ ਨਿੱਜੀ ਤੌਰ ‘ਤੇ ਅਦਾ ਕਰਨ ਵਾਲੀ ਫੀਸ) ਨੇ ਹਰੇਕ ਜੀ ਪੀ ਮੁਲਾਕਾਤ ਵਿੱਚ ਜਾਣਾ ਵਿੱਤੀ ਤੌਰ ‘ਤੇ ਮੁਸ਼ਕਿਲ ਬਣਾ ਦਿੱਤਾ ਸੀ”। “ਆਪਣੀ ਸਿਹਤ ਦਾ ਧਿਆਨ ਰੱਖਣ ਦੀ ਕੋਸ਼ਿਸ਼ ਕਰਦੇ ਹੋਏ ਇਹਨਾਂ ਖਰਚਿਆਂ ਨੂੰ ਸੰਤੁਲਿਤ ਕਰਨਾ ਇੱਕ ਔਖਾ ਕੰਮ ਸੀ।”

ਜੀ ਪੀ ਮੁਲਾਕਾਤਾਂ ਲਈ ਨਿੱਜੀ ਤੌਰ ‘ਤੇ ਅਦਾ ਕਰਨ ਵਾਲੀ ਫੀਸ ਦੇ ਹਟਣ ਨਾਲ, ਉਹ ਸਿਫਾਰਸ਼ ਕੀਤੇ ਅਨੁਸਾਰ ਮੁਲਾਕਾਤਾਂ ਵਿੱਚ ਸ਼ਾਮਲ ਹੋ ਸਕਦੀ ਹੈ, ਜੋ  ਉਸਦੀ ਦੇਖਭਾਲ ਦੀ ਨਿਯਮਤ ਨਿਗਰਾਨੀ ਅਤੇ ਨਿਰੰਤਰਤਾ ਵਿੱਚ ਮੱਦਦ ਕਰਦੀ ਹੈ।



*“ਬਲਕ ਬਿਲਿੰਗ ਨੇ ਮੈਨੂੰ ਲਾਗਤ ਦੀ ਚਿੰਤਾ ਕੀਤੇ ਬਿਨਾਂ ਆਪਣੀ ਸਿਹਤ ਨੂੰ ਪਹਿਲ ਦੇਣ ਲਈ ਮਨ ਦੀ ਸ਼ਾਂਤੀ ਦਿੱਤੀ ਹੈ। ਇਹ ਸਾਬਤ ਕਰਦਾ ਹੈ ਕਿ ਗੁਣਵੱਤਾ ਵਾਲੀ ਸਿਹਤ ਸੰਭਾਲ ਸਾਡੇ ਭਾਈਚਾਰੇ ਲਈ ਪਹੁੰਚਯੋਗ ਅਤੇ ਕਿਫਾਇਤੀ ਹੈ। ਮੈਂ ਸਾਰਿਆਂ ਨੂੰ ਸਲਾਹ ਦੇਵਾਂਗੀ ਕਿ ਉਹ ਪਹਿਲਾਂ ਜਾ ਕੇ ਡਾਕਟਰ ਨੂੰ ਮਿਲਣ ਅਤੇ ਸਹਾਇਤਾ ਲੈਣ ਲਈ ਆਪਣੇ ਬਿਮਾਰ ਹੋਣ ਤੱਕ ਦੀ ਉਡੀਕ ਨਾ ਕਰਨ।”*

**- ਕ੍ਰਿਸਟੀਨ**

ਹੋਰ ਜਾਣਕਾਰੀ ਲਈ ਇਸ QR ਕੋਡ ਨੂੰ ਸਕੈਨ ਕਰੋ

ਆਪਣੇ ਨੇੜੇ ਇੱਕ ਬਲਕ ਬਿਲਿੰਗ ਡਾਕਟਰ ਲੱਭਣ ਲਈ **health.gov.au/bulkbilling** ‘ਤੇ ਜਾਓ।

Australian Government
Department of Health, Disability and Ageing